بِسۡمِ اللّٰہِ الرَّحۡمٰنِ الرَّحِیۡمِ      نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ      وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਾਡੀ ਈਦ ਸਿਰਫ਼ ਦਿਖਾਵੇ ਦੀ ਈਦ ਨਾ ਹੋਵੇ ਬਲਕਿ ਅੱਲਾਹ ਤਆਲਾ ਦੇ ਹੱਕ਼ ਅਤੇ ਬੰਦਿਆਂ ਦੇ ਹੱਕ਼ਾਂ ਦੀ ਅਦਾਇਗੀ ਦੀ ਈਦ ਹੋਵੇ।

ਸੰਖੇਪ ਵਿਵਰਨ **ਖ਼ੁਤਬਾ ਈਦੁਲ ਅਜ਼ਹਾ** ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 06 ਜੂਨ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼**, **ਸੂਰਤ ਫ਼ਾਤਿਹਾ** ਅਤੇ ਸੂਰਤ ਹੱਜ ਦੀ ਆਯਤ 35 ਤੋਂ 39 ਦੀ ਤਿਲਾਵਤ ਅਤੇ ਅਨੁਵਾਦ ਦੇ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ: ਇਨ੍ਹਾਂ ਆਯਤਾਂ ਵਿੱਚ ਸਾਨੂੰ ਇਹ ਸਮਝਾਇਆ ਗਿਆ ਹੈ ਕਿ **ਕ਼ੁਰਬਾਨੀ** ਦਾ ਮਤਲਬ ਸਿਰਫ਼ ਇਹ ਨਹੀਂ ਕਿ ਤੁਸੀਂ ਦੂਸਰਿਆਂ ਦੀ ਕ਼ੁਰਬਾਨੀ ਲਵੋ ਜਿਵੇਂ **ਈਦੁਲ ਅਜ਼ਹਾ** 'ਤੇ ਜਾਨਵਰਾਂ ਦੀ ਕ਼ੁਰਬਾਨੀ ਲਈ ਜਾਂਦੀ ਹੈ ਬਲਕਿ ਤੁਹਾਨੂੰ ਇਹ ਦੱਸਣ ਲਈ ਕਿ **ਉੱਚ** ਚੀਜ਼ ਦੇ ਲਈ **ਤੁੱਛ** ਚੀਜ਼ ਕ਼ੁਰਬਾਨ ਕੀਤੀ ਜਾਂਦੀ ਹੈ। ਬਸ ਤੁਹਾਨੂੰ ਵੀ ਆਪਣੇ ਪੈਦਾ ਕਰਨ ਵਾਲੇ ਖ਼ੁਦਾ ਲਈ ਕ਼ੁਰਬਾਨੀ ਦੇਣ ਲਈ ਤਿਆਰ ਰਹਿਣਾ ਚਾਹੀਦਾ ਹੈ। ਅੱਲਾਹ ਤੁਹਾਡੇ ਤੋਂ ਸਿਰਫ਼ ਤਕ਼ਵੇ 'ਤੇ ਚੱਲਣ ਦੀ ਉਮੀਦ ਰੱਖਦਾ ਹੈ। ਅੱਲਾਹ ਤਆਲਾ ਤੁਹਾਡੇ ਕੋਲੋਂ ਸਿਰਫ਼ ਇਹ ਚਾਹੁੰਦਾ ਹੈ ਕਿ ਉਸ ਦਾ **ਭੈ** ਅਤੇ **ਖ਼ੌਫ਼** ਤੁਹਾਡੇ ਦਿਲ ਵਿੱਚ ਰਹੇ ਅਤੇ ਤੁਸੀਂ ਹਰ ਵੇਲੇ ਇਸ ਗੱਲ ਦੇ ਲਈ ਕੋਸ਼ਿਸ਼ ਕਰਦੇ ਰਹੋ ਕਿ ਮੈਂ ਕਿਸ ਤਰ੍ਹਾਂ ਉਸਦੇ ਹੁਕਮਾਂ 'ਤੇ ਅਮਲ ਕਰਕੇ ਉਸ ਦੀ **ਰਜ਼ਾ** ਹਾਸਿਲ ਕਰਾਂ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਜ ਕੱਲ **ਪਾਕਿਸਤਾਨ** ਵਿੱਚ ਜਮਾਅਤ ਅਹਮਦਿੱਯਾ ਨੂੰ ਕ਼ੁਰਬਾਨੀ ਤੋਂ ਰੋਕਿਆ ਜਾਂਦਾ ਹੈ ਅਤੇ ਪਿਛਲੇ ਕਈ ਸਾਲਾਂ ਤੋਂ ਇਹ ਹੋ ਰਿਹਾ ਹੈ ਕਿ ਸਾਨੂੰ ਕ਼ੁਰਬਾਨੀ ਤੋਂ ਰੋਕਿਆ ਜਾਂਦਾ ਹੈ। ਤਾਂ ਅਸਲ ਚੀਜ਼ ਤਾਂ ਤਕ਼ਵਾ ਹੈ ਯਾਨੀ ਜੇਕਰ ਕ਼ੁਰਬਾਨੀ ਨਹੀਂ ਵੀ ਕਰਨ ਦਿੱਤੀ ਜਾਂਦੀ ਤਾਂ ਅੱਲਾਹ ਤਆਲਾ ਸਾਡੀਆਂ ਨੀਅਤਾਂ ਨੂੰ ਜਾਣਦਾ ਹੈ ਕਿ ਅਸੀਂ ਕਿਸ ਨੀਅਤ ਨਾਲ ਕ਼ੁਰਬਾਨੀ ਕਰਨਾ ਚਾਹੁੰਦੇ ਹਾਂ। ਜੇਕਰ ਸਾਡੀ ਨੀਅਤ ਤਕ਼ਵੇ 'ਤੇ ਚਲਦੇ ਹੋਏ ਕ਼ੁਰਬਾਨੀ ਕਰਨ ਦੀ ਸੀ ਤਾਂ ਕ਼ੁਰਬਾਨੀ ਨਾ ਕਰਨ ਦੇ ਬਾਵਜੂਦ ਅੱਲਾਹ ਤਆਲਾ ਸਾਡੀ ਕ਼ੁਰਬਾਨੀ **ਕ਼ਬੂਲ** ਕਰਨ ਵਾਲਾ ਹੈ। ਜਿਹੜੇ ਲੋਕ ਦਿਖਾਵੇ ਦੀ ਕ਼ੁਰਬਾਨੀਆਂ ਕਰਦੇ ਹਨ, ਉਹ ਤਾਂ ਤਕ਼ਵਾ ਤੋਂ ਖ਼ਾਲੀ ਕ਼ੁਰਬਾਨੀਆਂ ਹਨ। ਕੀ ਇਹ ਲੋਕ ਅੱਲਾਹ ਤਆਲਾ ਦੇ **ਹੁਕਮਾਂ** 'ਤੇ ਅਮਲ ਕਰ ਰਹੇ ਹਨ? ਕੀ ਅੱਲਾਹ ਤਆਲਾ ਨੇ ਇਹ ਹੁਕਮ ਦਿੱਤਾ ਹੈ ਕਿ ਲੋਕਾਂ ਦੇ **ਹੱਕ਼** ਮਾਰੋ? ਕੀ ਅੱਲਾਹ ਤਆਲਾ ਇਹ ਕਹਿੰਦਾ ਹੈ ਕਿ ਲੋਕਾਂ 'ਤੇ **ਜ਼ੁਲਮ** ਕਰੋ ਜਾਂ ਉਨ੍ਹਾਂ ਨੂੰ ਅੱਲਾਹ ਤਆਲਾ ਦੀ ਇਬਾਦਤ ਕਰਨ ਤੋਂ ਰੋਕੋ? ਅੱਲਾਹ ਤਆਲਾ ਨੇ ਤਾਂ ਇਹ ਹੁਕਮ ਨਹੀਂ ਦਿੱਤੇ।

ਅੱਲਾਹ ਤਆਲਾ ਨੇ ਤਾਂ ਹਰ ਉਸ ਸ਼ਖ਼ਸ ਨੂੰ, ਜਿਸ ਨੇ ਲਾ ਇਲਾਹਾ ਇੱਲ-ਲੱਲਾਹ (لَآ اِلٰہَ اِلَّا اللّٰہُ) ਪੜ੍ਹਿਆ ਹੈ, ਇਹ ਕਹਿ ਦਿੱਤਾ ਹੈ ਕਿ ਉਹ ਮੁਸਲਮਾਨ ਹੈ। ਪਰ ਇਹ ਲੋਕ ਜੋ ਕੁੱਝ ਅੱਜ ਕੱਲ ਅਹਮਦੀਆਂ ਦੇ ਨਾਲ ਪਾਕਿਸਤਾਨ ਵਿੱਚ ਕਰ ਰਹੇ ਹਨ, ਇਹ ਖ਼ੁਦਾ ਤਆਲਾ ਤੋਂ ਦੂਰ ਲੈ ਜਾਣ ਵਾਲੀਆਂ ਗੱਲਾਂ ਹਨ, ਇਸ **ਜ਼ੁਲਮ** ਹੈ।

ਪਰ, ਬ-ਹਰ-ਹਾਲ ਸਾਡਾ ਇਹ ਫ਼ਰਜ਼ ਹੈ ਕਿ ਅਸੀਂ ਇਹ ਗੱਲ ਸਮਝੀਏ ਕਿ ਇਹ ਕ਼ੁਰਬਾਨੀਆਂ ਅੱਲਾਹ ਤਆਲਾ ਦਾ ਕ਼ੁਰਬ (ਨੇੜਤਾ) ਦਵਾਉਣ ਦੇ ਲਈ ਹਨ। ਇਸ ਲਈ ਜੇਕਰ ਅਸੀਂ ਕ਼ੁਰਬਾਨੀ ਨਹੀਂ ਵੀ ਕਰ ਸਕਾਂਗੇ ਤਾਂ

ਅੱਲਾਹ ਤਆਲਾ ਫਿਰ ਵੀ ਉਸ ਨੂੰ ਕ਼ਬੂਲ ਫ਼ਰਮਾਵੇਗਾ ਕਿਉਂਕਿ ਉਸ ਨੇ ਇਹੀ ਫ਼ਰਮਾਇਆ ਹੈ ਕਿ ਮੇਰੇ ਤੱਕ ਤੁਹਾਡੀਆਂ ਕੁਰਬਾਨੀਆਂ ਦਾ **ਮਾਸ** ਅਤੇ **ਲਹੂ** ਨਹੀਂ ਪਹੁੰਚਦਾ ਬਲਕਿ ਤੁਹਾਡਾ **ਤਕ਼ਵਾ** ਮੇਰੇ ਤੱਕ ਪਹੁੰਚਦਾ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਲਾਹ ਤਆਲਾ ਨੇ ਸਪਸ਼ਟ ਤੌਰ 'ਤੇ ਫ਼ਰਮਾਇਆ ਹੈ ਕਿ ਤੁਹਾਡੀ ਪੈਦਾਇਸ਼ ਦਾ ਮਕ਼ਸਦ ਅੱਲਾਹ ਤਆਲਾ ਦੇ ਹੱਕ਼ਾਂ ਦੀ ਅਦਾਇਗੀ ਅਤੇ ਉਸ ਦੀ ਬੰਦਗੀ ਹੈ। ਇਸ ਵਿੱਚ ਸਭ ਤੋਂ ਪਹਿਲੀ ਚੀਜ਼ **ਨਮਾਜ਼ ਬਾ-ਜਮਾਅਤ** ਦਾ ਕ਼ਿਆਮ ਹੈ। ਅੱਜ ਕੱਲ ਜਦ ਹਰ ਪਾਸੇ ਸਖ਼ਤੀਆਂ ਕੀਤੀਆਂ ਜਾ ਰਹੀਆਂ ਹਨ ਤਾਂ ਸਾਡਾ ਫ਼ਰਜ਼ ਹੈ ਕਿ ਅਸੀਂ ਪਹਿਲਾਂ ਤੋਂ ਵਧ ਕੇ ਆਪਣੀਆਂ ਨਮਾਜ਼ਾਂ ਦੀ ਹਿਫ਼ਾਜ਼ਤ ਕਰੀਏ। ਸਾਨੂੰ ਚਾਹੀਦਾ ਹੈ ਕਿ ਅੱਲਾਹ ਤਆਲਾ ਦੇ ਹਜ਼ੂਰ ਰੋ ਰੋ ਕੇ ਦੁਆਵਾਂ ਮੰਗੀਏ ਜਿਵੇਂ ਇੱਕ **ਜ਼ਿਬਹ** ਕੀਤੇ ਜਾਣ ਵਾਲਾ ਜਾਨਵਰ ਤੜਪਦਾ ਹੈ, ਇਸੇ ਤਰ੍ਹਾਂ ਸਾਨੂੰ ਵੀ ਆਪਣੇ ਅਮਲ ਜ਼ਾਹਿਰ ਕਰਨੇ ਚਾਹੀਦੇ ਹਨ। ਪਾਕਿਸਤਾਨ ਵਿੱਚ ਰਹਿਣ ਵਾਲੇ ਅਹਮਦੀਆਂ ਨੂੰ ਖ਼ਾਸ ਤੌਰ 'ਤੇ ਇਸ ਪਾਸੇ ਤਵੱਜੋ ਦੇਣੀ ਚਾਹੀਦੀ ਹੈ। ਨਮਾਜ਼ਾਂ ਅਸੀਂ ਆਪਣੇ ਗਲੋਂ ਲਾਹੁਣ ਦੇ ਲਈ ਨਹੀਂ ਪੜ੍ਹਨੀਆਂ ਬਲਕਿ ਉਨ੍ਹਾਂ ਦਾ ਹੱਕ਼ ਅਦਾ ਕਰਨ ਦੇ ਲਈ ਪੜ੍ਹਨੀਆਂ ਹਨ। ਬਾ-ਜਮਾਅਤ ਅਤੇ ਸਵਾਰ ਸਵਾਰ ਕੇ ਨਮਾਜ਼ ਅਦਾ ਕਰਨੀ ਚਾਹੀਦੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਜ ਇਹ **ਵਚਨ** ਕਰੀਏ ਕਿ ਅਸੀਂ ਆਪਣੀਆਂ ਇਬਾਦਤਾਂ ਦੇ ਮਿਆਰ ਬੁਲੰਦ ਕਰਨੇ ਹਨ। ਪਾਕਿਸਤਾਨ ਵਿੱਚ ਸ਼ਾਇਦ ਸਾਨੂੰ ਈਦ ਦੀ ਨਮਾਜ਼ ਪੜ੍ਹਨ ਦੀ ਇਜਾਜ਼ਤ ਨਹੀਂ ਮਿਲੇਗੀ। ਹਕੂਮਤ ਵੱਲੋਂ ਪਾਬੰਦੀਆਂ ਲਾ ਦਿੱਤੀਆਂ ਜਾਣਗੀਆਂ ਜਾਂ ਲਾ ਦਿੱਤੀਆਂ ਗਈਆਂ ਹਨ ਪਰ ਅਸੀਂ ਉਸ ਦੀ ਪਰਵਾਹ ਨਹੀਂ ਕਰਨੀ ਅਤੇ ਆਪਣੇ ਦਿਲਾਂ ਵਿੱਚ ਮਾਯੂਸੀ ਨੂੰ ਜਗ੍ਹਾ ਨਹੀਂ ਦੇਣੀ। ਬੇ-ਸ਼ੱਕ ਆਪਣੇ ਘਰਾਂ ਵਿੱਚ ਈਦ ਦੀ ਨਮਾਜ਼ ਪੜ੍ਹ ਲੈਣ ਪਰ ਇਹ ਵਚਨ ਕਰਨ ਕਿ ਅਸੀਂ ਅੱਲਾਹ ਤਆਲਾ ਦੀ ਇਬਾਦਤ ਅਤੇ ਉਸ ਦੇ ਬੰਦਿਆਂ ਦੇ ਹੱਕ਼ ਦੀ ਅਦਾਇਗੀ ਦੀ ਕੋਸ਼ਿਸ਼ ਕਰਨੀ ਹੈ। ਨਮਾਜ਼ ਦਾ ਹੱਕ਼ ਅਦਾ ਕਰਨ ਦੇ ਲਈ ਸਾਨੂੰ ਪੂਰੀ ਤਰ੍ਹਾਂ ਕੋਸ਼ਿਸ਼ ਕਰਨੀ ਚਾਹੀਦੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ: ਇਬਾਦਤ ਦੇ ਦੋ ਹਿੱਸੇ ਹਨ, ਇੱਕ ਇਹ ਕਿ ਇਨਸਾਨ ਅੱਲਾਹ ਤਆਲਾ ਤੋਂ ਡਰੇ ਜਿਵੇਂ ਕਿ ਉਸ ਤੋਂ **ਡਰਨ** ਦਾ ਹੱਕ਼ ਹੈ। ਦੂਸਰਾ ਹਿੱਸਾ ਇਹ ਕਿ ਇਨਸਾਨ ਖ਼ੁਦਾ ਤਆਲਾ ਨਾਲ **ਮੁਹੱਬਤ** ਕਰੇ ਜਿਵੇਂ ਕਿ ਉਸ ਨਾਲ ਮੁਹੱਬਤ ਕਰਨ ਦਾ ਹੱਕ਼ ਹੈ।

ਫ਼ਰਮਾਇਆ: ਇਸਲਾਮ ਨੇ ਇਨ੍ਹਾਂ ਦੋਹਾਂ ਹੁਕਮਾਂ ਨੂੰ ਪੂਰਾ ਕਰਨ ਦੇ ਲਈ ਇੱਕ ਖ਼ਾਸ ਸੂਰਤ **ਨਮਾਜ਼** ਦੀ ਰੱਖੀ ਹੈ ਜਿਸ ਵਿੱਚ ਖ਼ੁਦਾ ਤਆਲਾ ਦੇ ਖ਼ੌਫ਼ ਦਾ ਪਹਿਲੂ ਰੱਖਿਆ ਹੈ। ਦੂਸਰਾ, ਮੁਹੱਬਤ ਦੇ ਪਹਿਲੂ ਦੇ ਇਜ਼ਹਾਰ ਦੇ ਲਈ **ਹੱਜ** ਰੱਖਿਆ ਹੈ। ਦੁਸ਼ਮਣ ਦੀ ਕੋਸ਼ਿਸ਼ ਇਹੀ ਹੈ ਕਿ ਅਹਮਦੀ ਆਪਣੇ ਇਮਾਨ ਤੋਂ ਦੂਰ ਹੋ ਜਾਣ ਪਰ ਇਸ ਵਿੱਚ ਇਹ ਕਦੀ ਕਾਮਯਾਬ ਨਹੀਂ ਹੋ ਸਕਦੇ। ਜਿਹੜਾ ਮਜ਼ਬੂਤ ਅਹਮਦੀ ਹੈ, ਜਿਸ ਦੇ ਦਿਲ ਵਿੱਚ ਇਮਾਨ ਹੈ, ਉਹ ਕਦੀ ਇਨ੍ਹਾਂ ਜ਼ੁਲਮਾਂ ਤੋਂ ਪਿੱਛੇ ਨਹੀਂ ਹਟ ਸਕਦਾ। ਸਾਨੂੰ ਕੋਸ਼ਿਸ਼ ਇਹ ਕਰਨੀ ਚਾਹੀਦੀ ਹੈ ਕਿ ਅਸੀਂ ਇਨ੍ਹਾਂ ਦਿਨਾਂ ਵਿੱਚ ਆਪਣੀਆਂ ਇਬਾਦਤਾਂ ਦੇ ਮਿਆਰਾਂ ਨੂੰ ਅੱਗੇ ਵਧਾਈਏ।

ਬਹੁਤ ਸਾਰੇ ਪਾਕਿਸਤਾਨੀ ਅਹਮਦੀ ਅਜਿਹੇ ਹਨ ਜਿਨ੍ਹਾਂ ਦੇ ਰਿਸ਼ਤੇਦਾਰ ਬਾਹਰ ਮੁਲਕਾਂ ਵਿੱਚ ਹਨ। ਜੇਕਰ ਉਹ ਪਾਕਿਸਤਾਨ ਵਿੱਚ ਕੁਰਬਾਨੀ ਨਹੀਂ ਕਰ ਸਕਦੇ ਤਾਂ ਬਾਹਰ ਆਪਣੇ ਰਿਸ਼ਤੇਦਾਰਾਂ ਦੇ ਜ਼ਰੀਏ ਕੁਰਬਾਨੀਆਂ ਕਰਵਾ ਸਕਦੇ ਹਨ। **ਅਫ਼ਰੀਕ਼ਾ** ਦੇ ਗ਼ਰੀਬ ਮੁਲਕਾਂ ਵਿੱਚ ਕੁਰਬਾਨੀ ਕਰਵਾ ਸਕਦੇ ਹਨ। ਜੇਕਰ ਕੁਰਬਾਨੀਆਂ ਤੋਂ ਰੋਕਿਆ ਜਾਂਦਾ ਹੈ ਤਾਂ ਅੱਲਾਹ ਤਆਲਾ ਨੇ ਕੁਰਬਾਨੀ ਕਰਨ ਦੇ ਦੂਸਰੇ ਜ਼ਰੀਏ ਵੀ ਦਿੱਤੇ ਹੋਏ ਹਨ। ਅੱਲਾਹ ਤਆਲਾ ਨੇ ਫ਼ਰਮਾਇਆ ਹੈ ਕਿ ਗ਼ਰੀਬਾਂ ਦਾ ਖ਼ਿਆਲ ਰੱਖੋ, ਖਾਣਾ ਖਵਾਉਣਾ ਹੈ, ਉਨ੍ਹਾਂ ਦੀ **ਲੋੜਾਂ** ਦਾ ਖ਼ਿਆਲ ਰੱਖਣਾ ਹੈ। ਅੱਲਾਹ ਤਆਲਾ ਨੇ ਹੱਜ ਦੇ ਨਾਲ ਕੁਰਬਾਨੀ ਰੱਖੀ ਹੈ ਪਰ ਕੁਰਬਾਨੀ ਦੇ ਹੋਰ ਵੀ ਮੌਕੇ ਹਨ, ਉਨ੍ਹਾਂ ਤੋਂ ਫ਼ਾਇਦਾ ਉਠਾਉਣਾ ਚਾਹੀਦਾ ਹੈ। ਫਿਰ **ਵਕ਼ਤ** ਦੀ ਅਤੇ **ਮਾਲ** ਦੀ ਵੀ ਕੁਰਬਾਨੀ ਹੈ, ਇਸ ਦੇ ਲਈ ਵੀ ਭਰਪੂਰ ਕੋਸ਼ਿਸ਼ ਕਰੋ। ਫਿਰ ਜਿਨ੍ਹਾਂ ਗੱਲਾਂ ਤੋਂ ਅੱਲਾਹ ਤਆਲਾ ਨੇ ਰੋਕਿਆ ਹੈ ਉਨ੍ਹਾਂ ਤੋਂ **ਰੁਕਣਾ** ਵੀ ਇੱਕ ਕੁਰਬਾਨੀ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਫਿਰ ਬੰਦਿਆਂ ਦੇ ਹੱਕ਼ ਵੀ ਨਿਹਾਇਤ ਅਹਿਮ ਹਨ। ਉਨ੍ਹਾਂ ਵਿੱਚ ਪਤੀ ਪਤਨੀ, ਭੈਣ ਭਾਈ, ਅਜ਼ੀਜ਼ ਰਿਸ਼ਤੇਦਾਰ ਸਭ ਦੇ ਹੱਕ਼ ਆ ਜਾਂਦੇ ਹਨ। **ਗਵਾਂਢੀਆਂ** ਅਤੇ **ਮੁਹੱਲੇਦਾਰਾਂ** ਦੇ ਵੀ ਹੱਕ਼ ਹਨ, ਉਨ੍ਹਾਂ ਸਭ ਦਾ ਖ਼ਿਆਲ ਰੱਖਣਾ ਚਾਹੀਦਾ ਹੈ। ਇਸਲਾਮ ਨੇ ਤਾਂ **ਦੁਸ਼ਮਣ** ਦੇ ਵੀ ਹੱਕ਼ ਰੱਖੇ ਹੋਏ ਹਨ। **ਗ਼ੈਰ ਮੁਸਲਿਮਾਂ** ਦੇ ਵੀ

ਹੱਕ਼ ਰੱਖੇ ਗਏ ਹਨ। ਜੇਕਰ ਅਸੀਂ ਬੰਦਿਆਂ ਦੇ **ਹੱਕ਼ਾਂ** ਦੀ ਅਦਾਇਗੀ ਮੁਕੰਮਲ ਤੌਰ ‘ਤੇ ਕਰੀਏ ਤਾਂ ਬੰਦਿਆਂ ਦੇ ਹੱਕ਼ ਵੀ ਕਦੀ ਕਦੀ ਇਬਾਦਤ ਦਾ ਰੰਗ ਇਖ਼ਤਿਆਰ ਕਰ ਲੈਂਦੇ ਹਨ। ਇਸ ਲਈ ਇਸ ਗੱਲ ਨਾਲ਼ ਕੋਈ ਫ਼ਰਕ਼ ਨਹੀਂ ਪੈਂਦਾ ਕਿ ਸਾਨੂੰ ਇਬਾਦਤਾਂ ਤੋਂ ਰੋਕਿਆ ਜਾਂਦਾ ਹੈ। ਅੱਲਾਹ ਤਆਲਾ ਸਿਰਫ਼ ਇਸ ਗੱਲ ਨਾਲ਼ ਰਾਜ਼ੀ ਨਹੀਂ ਹੁੰਦਾ ਕਿ ਤੁਸੀਂ **ਬੱਕਰੇ** ਦੀ ਕ਼ੁਰਬਾਨੀ ਕਰ ਦਿੱਤੀ ਬਲਕਿ ਅੱਲਾਹ ਤਆਲਾ ਬੰਦਿਆਂ ਦੇ ਹੱਕ਼ਾਂ ਦੀ ਅਦਾਇਗੀ ਤੋਂ **ਰਾਜ਼ੀ** ਹੁੰਦਾ ਹੈ।

ਹਦੀਸ ਵਿੱਚ ਆਉਂਦਾ ਹੈ ਕਿ ਤੁਹਾਡੇ ਵਿੱਚੋਂ ਕੋਈ ਸ਼ਖ਼ਸ ਮੋਮਿਨ ਨਹੀਂ ਹੋ ਸਕਦਾ ਇੱਥੋਂ ਤੱਕ ਕਿ ਉਹ ਆਪਣੇ ਭਾਈ ਦੇ ਲਈ ਵੀ ਉਹੀ ਪਸੰਦ ਨਾ ਕਰੇ ਜੋ ਆਪਣੇ ਲਈ ਕਰਦਾ ਹੈ। ਹਜ਼ੂਰ ﷺ ਨੇ ਫ਼ਰਮਾਇਆ ਕਿ ਤੁਸੀਂ ਉਸ ਵੇਲ਼ੇ ਤੱਕ ਜੰਨਤ ਵਿੱਚ ਦਾਖ਼ਿਲ ਨਹੀਂ ਹੋ ਸਕਦੇ ਜਦ ਤੱਕ ਇਮਾਨ ਨਾ ਲੈ ਆਓ ਅਤੇ ਤੁਸੀਂ ਉਸ ਵੇਲ਼ੇ ਤੱਕ ਇਮਾਨ ਨਹੀਂ ਲਿਆ ਸਕਦੇ ਜਦ ਤੱਕ ਇੱਕ ਦੂਸਰੇ ਨਾਲ਼ ਮੁਹੱਬਤ ਨਾ ਕਰੋ।

ਬਸ ਅਹਮਦੀਆਂ ਨੂੰ ਆਪਸ ਵਿੱਚ ਸਾਰੀਆਂ **ਰੰਜਿਸ਼ਾਂ** ਖ਼ਤਮ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਨਾ ਸਿਰਫ਼ ਆਖ਼ਿਰਤ ਦੀਆਂ ਜੰਨਤਾਂ ਦੇ ਅਸੀਂ ਵਾਰਿਸ ਬਣ ਸਕੀਏ ਬਲਕਿ ਇਸ ਦੁਨੀਆ ਵਿੱਚ ਵੀ ਆਪਣੇ ਸਮਾਜ ਨੂੰ ਜੰਨਤ ਵਰਗਾ ਬਣਾ ਸਕੀਏ। ਅੱਜ ਕੱਲ ਦੇ ਹਾਲਾਤਾਂ ਵਿੱਚ ਤਾਂ ਅਹਮਦੀਆਂ ਨੂੰ ਖ਼ਾਸ ਤੌਰ ‘ਤੇ ਤਮਾਮ ਰੰਜਿਸ਼ਾਂ ਦੂਰ ਕਰਕੇ ਇੱਕ **ਖ਼ੂਬਸੂਰਤ ਸਮਾਜ** ਦੀ ਬੁਨਿਆਦ ਰੱਖਣੀ ਚਾਹੀਦੀ ਹੈ ਤਾਂ ਜੋ ਵਿਰੋਧੀ ਕਿਸੇ ਤਰ੍ਹਾਂ ਵੀ ਸਾਡੀਆਂ ਸਫ਼ਾਂ ਨੂੰ ਤੋੜ ਨਾ ਸਕਣ। ਜੇਕਰ ਸਾਡੇ ਵਿੱਚ ਤਕ਼ਵਾ ਪੈਦਾ ਹੋਵੇਗਾ ਤਦ ਹੀ ਅਸੀਂ ਅੱਲਾਹ ਤਆਲਾ ਦਾ ਕ਼ੁਰਬ (ਨੇੜਤਾ) ਪਾਉਣ ਵਾਲ਼ੇ ਹੋਵਾਂਗੇ। ਕ਼ੁਰਬਾਨੀ ਨਾ ਕਰਕੇ ਵੀ ਅਸੀਂ ਕ਼ੁਰਬਾਨੀ ਕਰਨ ਵਾਲ਼ੇ ਹੋਵਾਂਗੇ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਸਾਡੇ ਨਬੀ ਕਰੀਮ ﷺ ਨੇ ਜੋ ਜਮਾਅਤ ਬਣਾਈ ਸੀ ਉਨ੍ਹਾਂ ਵਿੱਚੋਂ ਹਰ ਇੱਕ ਪਾਕ ਸ਼ਖ਼ਸ ਸੀ ਅਤੇ ਹਰ ਇੱਕ ਨੇ ਆਪਣੀ ਜਾਨ ਨੂੰ ਦੀਨ ‘ਤੇ ਕ਼ੁਰਬਾਨ ਕਰ ਦਿੱਤਾ ਹੋਇਆ ਸੀ। ਉਨ੍ਹਾਂ ਵਿੱਚੋਂ ਇੱਕ ਵੀ ਅਜਿਹਾ ਨਹੀਂ ਸੀ ਜਿਹੜਾ **ਮੁਨਾਫ਼ਿਕ਼ਾਨਾ** ਜ਼ਿੰਦਗੀ ਰੱਖਦਾ ਹੋਵੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਅੱਲਾਹ ਤਆਲਾ ਕਰੇ ਕਿ ਸਾਡੀ ਈਦ ਸਿਰਫ਼ ਦਿਖਾਵੇ ਦੀ ਈਦ ਨਾ ਹੋਵੇ ਬਲਕਿ ਅੱਲਾਹ ਤਆਲਾ ਦੇ ਹੱਕ਼ ਅਤੇ ਬੰਦਿਆਂ ਦੇ ਹੱਕ਼ ਦੀ ਅਦਾਇਗੀ ਦੀ ਈਦ ਹੋਵੇ। ਅਸੀਂ ਉਸਦੇ ਫ਼ਜ਼ਲਾਂ ਨੂੰ ਹਾਸਿਲ ਕਰਨ ਵਾਲ਼ੇ ਬਣਦੇ ਚਲੇ ਜਾਈਏ। **ਦੁਆਵਾਂ** ਵੀ ਕਰੋ ਅਤੇ ਦੁਆਵਾਂ ਵਿੱਚ ਸ਼ਹੀਦਾਂ ਦੇ ਬੱਚਿਆਂ ਨੂੰ ਵੀ ਯਾਦ ਰੱਖੋ ਜਿਨ੍ਹਾਂ ਨੇ ਕ਼ੁਰਬਾਨੀਆਂ ਕੀਤੀਆਂ ਹਨ। ਅੱਲਾਹ ਤਆਲਾ ਉਨ੍ਹਾਂ ਨੂੰ ਅਤੇ ਉਨ੍ਹਾਂ ਦੀਆਂ ਨਸਲਾਂ ਨੂੰ ਆਪਣੀ ਹਿਫ਼ਾਜ਼ਤ ਵਿੱਚ ਰੱਖੇ। ਅਸੀਰਾਨ (ਜਿਹੜੇ ਅਹਮਦੀ ਹੋਣ ਦੀ ਵਜ੍ਹਾ ਨਾਲ ਜੇਲਾਂ ਵਿੱਚ ਕ਼ੈਦ ਹਨ) ਦੇ ਲਈ ਵੀ ਦੁਆਵਾਂ ਕਰੋ। ਪਾਕਿਸਤਾਨ ਵਿੱਚ ਜਿੱਥੇ ਖ਼ਾਸ ਤੌਰ ‘ਤੇ ਕ਼ਾਨੂੰਨ ਵਿੱਚ ਬਹੁਤ ਸਾਰੀਆਂ ਪਾਬੰਦੀਆਂ ਲਗਾਈਆਂ ਗਈਆਂ ਹਨ, ਦੁਆ ਕਰੋ ਕਿ ਅੱਲਾਹ ਤਆਲਾ ਇਹ ਪਾਬੰਦੀਆਂ ਵੀ ਦੂਰ ਕਰੇ ਅਤੇ ਸਾਨੂੰ ਹਕ਼ੀਕ਼ਤ ਵਿੱਚ ਖੁੱਲ੍ਹੇ ਤੌਰ ‘ਤੇ ਇਬਾਦਤ ਦਾ ਹੱਕ਼ ਅਦਾ ਕਰਨ ਦੀ ਤੌਫ਼ੀਕ਼ ਅਤਾ ਫ਼ਰਮਾਵੇ। ਸਭ **ਰੁਕਾਵਟਾਂ** ਦੂਰ ਹੋਣ, ਆਜ਼ਾਦੀ ਨਾਲ਼ **ਜਾਨਵਰਾਂ** ਦੀ ਕ਼ੁਰਬਾਨੀ ਵੀ ਕਰ ਸਕੀਏ। ਅੱਲਾਹ ਤਆਲਾ ਸਾਨੂੰ ਉਹ ਸੂਝ ਬੂਝ ਅਤਾ ਕਰੇ ਕਿ ਅਸੀਂ ਇਨ੍ਹਾਂ ਕ਼ੁਰਬਾਨੀਆਂ ਦੀ ਰੂਹ ਨੂੰ ਸਮਝਣ ਵਾਲ਼ੇ ਹੋਈਏ।

ਖ਼ੁਤਬੇ ਦੇ ਆਖ਼ਿਰ ਵਿੱਚ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਦੇ ਨਾਲ਼ ਹੀ ਮੈਂ ਸਭ ਖ਼ੁਤਬਾ ਸੁਣਨ ਵਾਲਿਆਂ ਨੂੰ ਅਤੇ ਇੱਥੇ ਬੈਠੇ ਹੋਏ ਸਭਨਾਂ ਨੂੰ **ਈਦ ਮੁਬਾਰਕ** ਕਹਿੰਦਾ ਹਾਂ। ਅੱਲਾਹ ਤਆਲਾ ਇਸ ਈਦ ਨੂੰ ਬਾ-ਬਰਕਤ ਫ਼ਰਮਾਵੇ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞
عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞